ਮਿੱਠੇ ਬੱਚੇ:- "ਮਿੱਠੇ ਬੱਚੇ ਬਾਪ ਆਇਆ ਹੈ ਤੁਹਾਨੂੰ ਸੱਚੀ ਆਜਾਦੀ ਦੇਣ, ਜਮਘਟਾਂ ਦੀਆਂ ਸਜਾਵਾਂ ਤੋਂ ਮੁਕਤ ਕਰਨ, ਰਾਵਣ ਦੀ ਗੁਲਾਮੀ ਤੋਂ ਛੁਡਾਉਣ"

ਪ੍ਰਸ਼ਨ:- ਬਾਪ ਅਤੇ ਤੁਸੀਂ ਬੱਚਿਆਂ ਦੀ ਸਮਝਾਉਣੀ ਵਿੱਚ ਮੁੱਖ ਅੰਤਰ ਕਿਹੜਾ ਹੈ?

ਉੱਤਰ:- ਬਾਪ ਸਮਝਾਉਂਦੇ ਹਨ ਤਾਂ 'ਮਿੱਠੇ ਬੱਚੇ' ਕਹਿਕੇ ਸਮਝਾਉਂਦੇ ਹਨ, ਜਿਸ ਨਾਲ ਬਾਪ ਦੀ ਗੱਲ ਦਾ ਤੀਰ ਲਗਦਾ ਹੈ। ਤੁਸੀਂ ਬੱਚੇ ਆਪਸ ਵਿੱਚ ਭਰਾਵਾਂ ਨੂੰ ਸਮਝਾਉਂਦੇ ਹੋ, 'ਮਿੱਠੇ ਬੱਚੇ' ਨਹੀ ਕਹਿ ਸਕਦੇ। ਬਾਪ ਵੱਡਾ ਹੈ ਇਸ ਲਈ ਉਨ੍ਹਾਂ ਦੀ ਗੱਲ ਦਾ ਅਸਰ ਹੁੰਦਾ ਹੈ। ਉਹ ਬੱਚਿਆਂ ਨੂੰ ਰਿਅਲਾਈਜ਼ ਕਰਵਾਉਂਦੇ ਹਨ - ਬੱਚਿਓ, ਤੁਹਾਨੂੰ ਸ਼ਰਮ ਨਹੀਂ ਆਉਂਦੀ, ਤੁਸੀਂ ਪਤਿਤ ਬਣ ਗਏ, ਹੁਣ ਪਾਵਨ ਬਣੋ।

ਓਮ ਸ਼ਾਂਤੀ। ਬੇਹੱਦ ਦਾ ਰੂਹਾਨੀ ਬਾਪ ਬੇਹੱਦ ਦੇ ਰੂਹਾਨੀ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ, ਇਹ ਬੇਹੱਦ ਦਾ ਬਾਪ ਹੈ ਅਤੇ ਬੇਹੱਦ ਦੇ ਬੱਚੇ ਹੀ ਜਾਣਦੇ ਹਨ। ਹੋਰ ਕੋਈ ਨਾ ਬੇਹੱਦ ਦੇ ਬਾਪ ਨੂੰ ਜਾਣਦੇ ਹਨ, ਨਾ ਬੇਹੱਦ ਦੇ ਬੱਚੇ ਖੁੱਦ ਨੂੰ ਮੰਨਦੇ ਹਨ। ਬ੍ਰਹਮਾ ਮੁੱਖ ਵੰਸ਼ਾਵਲੀ ਹੀ ਜਾਣਦੇ ਅਤੇ ਮੰਨਦੇ ਹਨ। ਹੋਰ ਕੋਈ ਤਾਂ ਮੰਨ ਵੀ ਨਹੀਂ ਸਕਣਗੇ। ਬ੍ਰਹਮਾ ਵੀ ਜ਼ਰੂਰ ਚਾਹੀਦਾ ਹੈ, ਜਿਸ ਨੂੰ ਆਦਿ ਦੇਵਤਾ ਕਹਿੰਦੇ ਹਨ। ਜਿਸ ਵਿੱਚ ਬਾਪ ਦੀ ਪ੍ਰਵੇਸ਼ਤਾ ਹੁੰਦੀ ਹੈ। ਬਾਪ ਆਕੇ ਕੀ ਕਰਦੇ ਹਨ? ਕਹਿੰਦੇ ਹਨ ਪਾਵਨ ਬਣਨਾ ਹੈ। ਬਾਪ ਦੀ ਸ਼੍ਰੀਮਤ ਹੈ ਆਪਣੇ ਨੂੰ ਆਤਮਾ ਨਿਸ਼ਚੇ ਕਰੋ। ਬੱਚਿਆਂ ਨੂੰ ਆਤਮਾ ਦੀ ਪਹਿਚਾਣ ਵੀ ਦਿੱਤੀ ਹੈ। ਆਤਮਾ ਭ੍ਰਕੁਟੀ ਵਿੱਚ ਨਿਵਾਸ ਕਰਦੀ ਹੈ। ਬਾਬਾ ਨੇ ਸਮਝਾਇਆ ਹੈ ਆਤਮਾ ਅਵਿਨਾਸ਼ੀ ਹੈ, ਇਸ ਦਾ ਤਖਤ ਇਹ ਅਵਿਨਾਸ਼ੀ ਸ਼ਰੀਰ ਹੈ। ਇਹ ਤੁਸੀਂ ਜਾਣਦੇ ਹੋ ਕਿ ਅਸੀਂ ਸਭ ਆਤਮਾਵਾਂ ਆਪਸ ਵਿੱਚ ਭਰਾ - ਭਰਾ ਇੱਕ ਬਾਪ ਦੇ ਬੱਚੇ ਹਾਂ। ਈਸ਼ਵਰ ਸਰਵਵਿਆਪੀ ਕਹਿਣਾ ਇਹ ਭੁੱਲ ਹੈ। ਤੁਸੀਂ ਚੰਗੀ ਤਰ੍ਹਾਂ ਸਮਝਾਉਂਦੇ ਹੋ, ਹਰ ਇੱਕ ਦੇ ਵਿੱਚ 5 ਵਿਕਾਰਾਂ ਦੀ ਪ੍ਰਵੇਸ਼ਤਾ ਹੈ ਤਾਂ ਕਈ ਸਮਝਦੇ ਹਨ ਇਹ ਠੀਕ ਬੋਲਦੇ ਹਨ। ਅਸੀਂ ਭਰਾ - ਭਰਾ ਹਾਂ ਤਾਂ ਜ਼ਰੂਰ ਬਾਪ ਤੋਂ ਵਰਸਾ ਮਿਲਣਾ ਚਾਹੀਦਾ ਹੈ। ਪਰੰਤੂ ਇੱਥੋ ਬਾਹਰ ਨਿਕਲਦੇ ਹਨ ਤਾਂ ਮਾਇਆ ਦੇ ਤੂਫ਼ਾਨਾਂ ਵਿੱਚ ਚਲੇ ਜਾਂਦੇ ਹਨ। ਕੋਈ ਵਿਰਲੇ ਠਹਿਰਦੇ ਹਨ। ਸਭ ਜਗ੍ਹਾ ਇਹ ਹਾਲ ਹੁੰਦਾ ਹੈ। ਕੋਈ ਥੋੜ੍ਹਾ ਚੰਗਾ ਸਮਝਦੇ ਹਨ ਤਾਂ ਜ਼ਿਆਦਾ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਹੁਣ ਤੁਸੀਂ ਸਭ ਨੂੰ ਸਮਝਾ ਸਕਦੇ ਹੋ। ਜੇਕਰ ਕੋਈ ਜ਼ਿਆਦਾ ਅਟੈਨਸ਼ਨ ਨਹੀਂ ਦਿੰਦੇ ਹਨ ਤਾਂ ਕਹਿਣਗੇ ਇਹ ਪੁਰਾਣੇ ਭਗਤ ਨਹੀਂ ਹਨ। ਇਨ੍ਹਾਂ ਗੱਲਾਂ ਨੂੰ ਤਾਂ ਸਮਝਣ ਵਾਲੇ ਹੀ ਸਮਝਣ। ਕੋਈ ਨਹੀਂ ਸਮਝਦੇ ਹਨ ਤਾਂ ਫੇਰ ਸਮਝਾ ਵੀ ਨਹੀਂ ਸਕਦੇ ਹਨ। ਤੁਹਾਡੇ ਕੋਲ ਵੀ ਨੰਬਰਵਾਰ ਹਨ, ਕੋਈ ਚੰਗਾ ਆਦਮੀ ਹੁੰਦਾ ਹੈ ਤਾਂ ਉਸਨੂੰ ਸਮਝਾਉਣ ਦੇ ਲਈ ਅਜਿਹੇ ਚੰਗੇ ਨੂੰ ਭੇਜਿਆ ਜਾਂਦਾ ਹੈ। ਸ਼ਾਇਦ ਕੁਝ ਸਮਝ ਜਾਵੇ। ਇਹ ਤਾਂ ਜਾਣਦੇ ਹਨ, ਵੱਡੇ ਆਦਮੀ ਇੰਨੀ ਜਲਦੀ ਨਹੀਂ ਸਮਝਣਗੇ। ਹਾਂ, ਵਿਚਾਰ ਦਿੰਦੇ ਹਨ ਕਿ ਇਨ੍ਹਾਂ ਦੀ ਸਮਝਾਉਣੀ ਬੜੀ ਚੰਗੀ ਹੈ। ਬਾਪ ਦਾ ਪਰਿਚੈ ਪੂਰਾ ਦਿੰਦੇ ਹਨ ਪ੍ਰੰਤੂ ਖੁਦ ਨੂੰ ਫ਼ੁਰਸਤ ਹੀ ਕਿਥੇ ਹੈ। ਤੁਸੀਂ ਕਹਿੰਦੇ ਹੋ ਬੇਹੱਦ ਦੇ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣ।

ਹੁਣ ਤੁਸੀਂ ਸਮਝਦੇ ਹੋ ਬਾਪ ਡਾਇਰੈਕਟ ਸਾਨੂੰ ਆਤਮਾਵਾਂ ਨਾਲ ਗੱਲ ਕਰਦੇ ਹਨ। ਡਾਇਰੈਕਟ ਸੁਣਨ ਨਾਲ ਤੀਰ ਚੰਗਾ ਲਗਦਾ ਹੈ। ਉਹ ਬੀ. ਕੇ. ਦੁਆਰਾ ਸੁਣਦੇ ਹਨ। ਇੱਥੇ ਪਰਮਪਿਤਾ ਪਰਮਾਤਮਾ ਬ੍ਰਹਮਾ ਦੁਆਰਾ ਡਾਇਰੈਕਟ ਸਮਝਾਉਂਦੇ ਹਨ - ਹੇ ਬੱਚਿਓ, ਤੁਸੀਂ ਬਾਪ ਦਾ ਕਹਿਣਾ ਨਹੀਂ ਮੰਨਦੇ ਹੋ। ਤੁਸੀਂ ਸਾਰੇ ਤਾਂ ਕਿਸੇ ਨੂੰ ਇਵੇਂ ਨਹੀਂ ਕਹਿ ਸਕੋਗੇ ਨਾ। ਉੱਥੇ ਤਾਂ ਬਾਪ ਨਹੀਂ ਹੈ। ਇੱਥੇ ਬਾਪ ਬੈਠੇ ਹਨ, ਬਾਪ ਗੱਲ ਕਰਦੇ ਹਨ। ਬੱਚੇ, ਤੁਸੀਂ ਬਾਪ ਦੀ ਵੀ ਨਹੀਂ ਮੰਨੋਗੇ। ਅਗਿਆਨ ਕਾਲ ਵਿੱਚ ਵੀ ਬਾਪ ਦੀ ਸਮਝਾਉਣੀ ਅਤੇ ਭਰਾ ਦੀ ਸਮਝਾਉਣੀ ਵਿੱਚ ਫ਼ਰਕ ਪੈਂਦਾ ਹੈ। ਭਰਾ ਦਾ ਇਨ੍ਹਾਂ ਅਸਰ ਨਹੀ ਪਵੇਗਾ। ਬਾਪ ਫੇਰ ਵੀ ਵੱਡਾ ਹੋਇਆ ਨਾ, ਤਾਂ ਡਰ ਰਹੇਗਾ। ਤੁਹਾਨੂੰ ਵੀ ਬਾਪ ਸਮਝਾਉਂਦੇ ਹਨ - ਮੈਨੂੰ ਆਪਣੇ ਬਾਪ ਨੂੰ ਯਾਦ ਕਰੋ। ਤੁਹਾਨੂੰ ਸ਼ਰਮ ਨਹੀਂ ਆਉਂਦੀ, ਤੁਸੀਂ ਘੜੀ - ਘੜੀ ਮੈਨੂੰ ਭੁੱਲ ਜਾਂਦੇ ਹੋ। ਬਾਪ ਡਾਇਰੈਕਟ ਕਹਿੰਦੇ ਹਨ ਤਾਂ ਉਹ ਅਸਰ ਜਲਦੀ ਪੈਂਦਾ ਹੈ। ਅਰੇ, ਬਾਪ ਦਾ ਕਹਿਣਾ ਨਹੀਂ ਮੰਨਦੇ ਹੋ। ਬੇਹੱਦ ਦਾ ਬਾਪ ਕਹਿੰਦੇ ਹਨ ਇਹ ਜਨਮ ਨਿਰਵਿਕਾਰੀ ਬਣੋ ਤਾਂ 21 ਜਨਮ ਨਿਰਵਿਕਾਰੀ ਬਣ ਪਵਿੱਤਰ ਦੁਨੀਆਂ ਦੇ ਮਾਲਿਕ ਬਣੋਗੇ। ਇਹ ਨਹੀਂ ਮੰਨਦੇ ਹੋ। ਬਾਪ ਦੇ ਕਹਿਣ ਦਾ ਤੀਰ ਕੜਾ ਲਗਦਾ ਹੈ। ਫ਼ਰਕ ਤਾਂ ਰਹਿੰਦਾ ਹੈ। ਇਵੇਂ ਵੀ ਨਹੀਂ ਕਿ ਸਦਾ ਨਵੇਂ - ਨਵੇਂ ਨੂੰ ਬਾਬਾ। ਮਿਲਦੇ ਰਹਿਣਗੇ। ਉਲਟੇ - ਸੁਲਟੇ ਪ੍ਰਸ਼ਨ ਕਰਦੇ ਹਨ। ਬੁੱਧੀ ਵਿੱਚ ਨਹੀਂ ਬੈਠਦਾ ਕਿਉਂਕਿ ਇਹ ਹੈ ਬਿਲਕੁਲ ਨਵੀਂ ਗੱਲ। ਗੀਤਾ ਵਿੱਚ ਸ਼੍ਰੀਕ੍ਰਿਸ਼ਨ ਦਾ ਨਾਮ ਲਿੱਖ ਦਿੱਤਾ ਹੈ। ਉਹ ਤਾਂ ਹੋ ਨਹੀਂ ਸਕਦਾ। ਹੁਣ ਡਰਾਮੇ ਅਨੁਸਾਰ ਤੁਹਾਡੀ ਬੁੱਧੀ ਵਿੱਚ ਬੈਠਿਆ ਹੈ। ਤੁਸੀਂ ਬੱਚੇ ਭੱਜਦੇ ਹੋ ਅਸੀਂ ਬਾਬਾ ਦੇ ਕੋਲ ਜਾਈਏ, ਡਾਇਰੈਕਟ ਮੁਰਲੀ ਸੁਣੀਏ। ਉੱਥੇ ਤਾਂ ਭਰਾਵਾਂ ਦੁਆਰਾ ਸੁਣਦੇ ਸੀ, ਹੁਣ ਬਾਬਾ ਤੋਂ ਸੁਣੀਏ। ਬਾਪ ਦਾ ਅਸਰ ਹੁੰਦਾ ਹੈ। ਬੱਚੇ - ਬੱਚੇ ਕਹਿ ਗੱਲ ਕਰਦੇ ਹਨ। ਬੱਚੇ, ਤੁਹਾਨੂੰ ਸ਼ਰਮ ਨਹੀਂ ਆਉਂਦੀ! ਬਾਪ ਨੂੰ ਯਾਦ ਨਹੀਂ ਕਰਦੇ ਹੋ! ਬਾਪ ਦੇ ਨਾਲ ਤੁਹਾਡਾ ਪਿਆਰ ਨਹੀਂ ਹੈ! ਕਿੰਨਾ ਯਾਦ ਕਰਦੇ ਹੋ? ਬਾਬਾ ਇੱਕ ਘੰਟਾ। ਅਰੇ, ਲਗਾਤਾਰ ਯਾਦ ਕਰੋਗੇ ਤਾਂ ਤੁਹਾਡੇ ਪਾਪ ਕੱਟ ਜਾਣਗੇ। ਜਨਮ - ਜਨਮਾਨਤ੍ਰ ਦੇ ਪਾਪਾਂ ਦਾ ਬੋਝਾ ਸਿਰ ਤੇ ਹੈ। ਬਾਪ ਸਨਮੁੱਖ ਸਮਝਾਉਂਦੇ ਹਨ- ਤੁਸੀਂ ਬਾਪ ਦੀ ਕਿੰਨੀ ਗਲਾਨੀ ਕੀਤੀ ਹੈ। ਤੁਹਾਡੇ ਉਪਰ ਤਾਂ ਕੇਸ ਚਲਣਾ ਚਾਹੀਦਾ ਹੈ। ਅਖ਼ਬਾਰ ਵਿੱਚ ਕਿਸੇ ਦੇ ਲਈ ਗਲਾਨੀ ਲਿਖਦੇ ਹਨ ਤਾਂ ਉਸ ਤੇ ਕੇਸ ਕਰਦੇ ਹਨ ਨਾ।

ਹੁਣ ਬਾਪ ਸਮ੍ਰਿਤੀ ਦਵਾਉਂਦੇ ਹਨ - ਤੁਸੀਂ ਕੀ - ਕੀ ਕਰਦੇ ਸੀ। ਬਾਪ ਸਮਝਾਉਂਦੇ ਹਨ ਡਰਾਮਾ ਅਨੁਸਾਰ ਰਾਵਣ ਦੇ ਸੰਗ ਵਿੱਚ ਅਜਿਹਾ ਹੋਇਆ ਹੈ। ਹੁਣ ਭਗਤੀ ਮਾਰਗ ਸਭ ਪੂਰਾ ਹੋਇਆ, ਪਾਸਟ ਹੋ ਗਿਆ, ਵਿਚਕਾਰ ਕੋਈ ਰੋਕਣ ਵਾਲਾ ਤਾਂ ਹੁੰਦਾ ਨਹੀਂ। ਦਿਨ - ਪ੍ਰਤੀਦਿਨ ਉਤਰਦੇ - ਉਤਰਦੇ ਤਮੋਪ੍ਰਧਾਨ ਬੁੱਧੀ ਬੁੱਧੂ ਹੋ ਜਾਂਦੇ ਹਨ। ਜਿਸ ਦੀ ਪੂਜਾ ਕਰਦੇ ਹਨ, ਉਨ੍ਹਾਂ ਨੂੰ ਠਿੱਕਰ ਭਿੱਤਰ ਵਿੱਚ ਕਹਿ ਦਿੰਦੇ ਹਨ। ਇਸ ਨੂੰ ਕਿਹਾ ਜਾਂਦਾ ਹੈ ਬੇਹੱਦ ਦੀ ਬੇਸਮਝੀ। ਬੇਹੱਦ ਦੇ ਬੱਚਿਆਂ ਦੀ ਬੇਹੱਦ ਦੀ ਬੇਸਮਝੀ। ਇੱਕ ਤਰਫ਼ ਸ਼ਿਵਬਾਬਾ ਦੀ ਪੂਜਾ ਕਰਦੇ ਹਨ, ਦੂਸਰੀ ਤਰਫ ਉਸ ਬਾਪ ਨੂੰ ਸਰਵਵਿਆਪੀ ਕਹਿੰਦੇ ਹਨ। ਹੁਣ ਤੁਹਾਨੂੰ ਯਾਦ ਆਈ ਹੈ। ਇੰਨੀ ਬੇਸਮਝੀ ਦੀ ਜੋ ਬਾਪ ਦੀ ਗਲਾਨੀ ਕਰ ਦਿੱਤੀ ਹੈ। ਹੁਣ ਤੁਸੀਂ ਬੱਚਿਆਂ ਨੇ ਸਮਝਿਆ ਹੈ ਤਾਂ ਹੁਣ ਪੁਰਸ਼ਾਰਥ ਕਰ ਰਹੇ ਹੋ ਬੈਗਰ ਟੂ ਪ੍ਰਿੰਸ ਬਣਨ ਦਾ। ਸ਼੍ਰੀਕ੍ਰਿਸ਼ਨ ਸਤਿਯੁਗ ਦਾ ਪ੍ਰਿੰਸ, ਉਸਦੇ ਲਈ ਫੇਰ ਕਹਿੰਦੇ 16108 ਰਾਣੀਆਂ ਸਨ, ਬੱਚੇ ਸੀ! ਹੁਣ ਤੁਹਾਨੂੰ ਤਾਂ ਲੱਜਾ ਆਵੇਗੀ। ਕੋਈ ਪਾਪ ਕਰਦੇ ਹਾਂ ਤਾਂ ਭਗਵਾਨ ਦੇ ਅੱਗੇ ਕੰਨ ਫੜ੍ਹ ਕੇ ਕਹਿੰਦੇ ਹਨ - ਹੇ ਭਗਵਾਨ, ਬਹੁਤ ਭੁੱਲ ਹੋਈ, ਰਹਿਮ ਕਰੋ, ਮਾਫ਼ ਕਰੋ। ਤੁਸੀਂ ਕਿੰਨੀ ਵੱਡੀ ਭੁੱਲ ਕੀਤੀ ਹੈ। ਬਾਪ ਸਮਝਾਉਂਦੇ ਹਨ - ਡਰਾਮੇ ਵਿੱਚ ਅਜਿਹਾ ਹੈ। ਜਦੋਂ ਅਜਿਹੇ ਬਣੋ ਤਾਂ ਹੀ ਤੇ ਮੈਂ ਆਵਾਂ।

ਹੁਣ ਬਾਪ ਕਹਿੰਦੇ ਹਨ - ਤੁਸੀਂ ਸਾਰੇ ਧਰਮਾਂ ਵਾਲਿਆਂ ਦਾ ਕਲਿਆਣ ਕਰਨਾ ਹੈ। ਬਾਪ ਜੋ ਸਭ ਦੀ ਸਦਗਤੀ ਕਰਦੇ ਹਨ, ਉਨ੍ਹਾਂ ਦੇ ਲਈ ਸਭ ਧਰਮਾਂ ਵਾਲੇ ਕਹਿ ਦਿੰਦੇ ਹਨ ਸਰਵਵਿਆਪੀ ਹੈ। ਇਹ ਕਿਥੋਂ ਸਿੱਖੇ। ਭਗਵਾਨੁਵਾਚ, ਮੈਂ ਸਰਵਵਿਆਪੀ ਨਹੀਂ ਹਾਂ। ਤੁਹਾਡੇ ਕਾਰਨ ਹੋਰਾਂ ਦਾ ਵੀ ਅਜਿਹਾ ਹਾਲ ਹੋ ਗਿਆ ਹੈ। ਪੁਕਾਰਦੇ ਹਨ - ਹੇ ਪਤਿਤ- ਪਾਵਨ... ਪਰੰਤੂ ਸਮਝਦੇ ਨਹੀਂ ਹਨ। ਅਸੀਂ ਜਦੋਂ ਪਹਿਲੋਂ - ਪਹਿਲੋਂ ਘਰ ਤੋਂ ਆਏ ਤਾਂ ਪਤਿਤ ਸੀ ਕੀ? ਦੇਹ - ਅਭਿਮਾਨੀ ਬਣਨ ਦੇ ਕਾਰਨ ਪਤਿਤ ਬਣੇ। ਕੋਈ ਵੀ ਧਰਮ ਵਾਲਾ ਆਏ, ਉਸਨੂੰ ਪੁੱਛਣਾ ਹੈ ਪਰਮਪਿਤਾ ਪਰਮਾਤਮਾ ਦਾ ਤੁਹਾਨੂੰ ਪਰਿਚੈ ਹੈ, ਉਹ ਕੌਣ ਹਨ? ਕਿੱਥੇ ਰਹਿੰਦੇ ਹਨ? ਤਾਂ ਕਹਿਣਗੇ ਉਪਰ ਵਿੱਚ ਜਾਂ ਕਹਿਣਗੇ ਸਰਵਵਿਆਪੀ ਹਨ। ਬਾਪ ਕਹਿੰਦੇ ਹਨ ਤੁਹਾਡੇ ਕਾਰਨ ਸਾਰੀ ਦੁਨੀਆਂ ਚਟ ਖਾਤੇ ਵਿੱਚ ਆ ਗਈ ਹੈ। ਨਿਮਿਤ ਤੁਸੀਂ ਬਣੇ ਹੋ। ਸਭ ਨੂੰ ਸਮਝਾਉਣਾ ਪੈਂਦਾ ਹੈ। ਭਾਵੇਂ ਡਰਾਮੇ ਅਨੁਸਾਰ ਹੁੰਦਾ ਹੈ ਪਰ ਤੁਸੀਂ ਪਤਿਤ ਤਾਂ ਬਣ ਗਏ ਨਾ। ਸਾਰੀਆਂ ਪਾਪ ਆਤਮਾਵਾਂ ਹਨ। ਹੁਣ ਪੁੰਨਿਆ ਆਤਮਾ ਬਣਨ ਲਈ ਪੁਕਾਰਦੇ ਹਨ। ਸਭ ਧਰਮਾਂ ਵਾਲਿਆਂ ਨੂੰ ਮੁਕਤੀਧਾਮ ਘਰ ਵਿੱਚ ਜਾਣਾ ਹੈ। ਉੱਥੇ ਪਵਿੱਤਰ ਹਨ। ਇਹ ਵੀ ਡਰਾਮਾ ਬਣਿਆ ਹੋਇਆ ਹੈ, ਜੋ ਬਾਪ ਆਕੇ ਸਮਝਾਉਂਦੇ ਹਨ। ਇਹ ਗਿਆਨ ਸਭ ਧਰਮਾਂ ਦੇ ਲਈ ਹੈ। ਬਾਬਾ ਦੇ ਕੋਲ ਸਮਾਚਾਰ ਆਇਆ ਸੀ, ਕਿਸੇ ਆਚਾਰਿਆ ਨੇ ਕਿਹਾ ਤੁਹਾਨੂੰ ਸਭਨੂੰ ਆਤਮਾ ਵਿੱਚ ਪ੍ਰਮਾਤਮਾ ਸਮਝ ਨਮਸਕਾਰ ਕਰਦਾ ਹਾਂ। ਹੁਣ ਇੰਨੇ ਸਾਰੇ ਪਰਮਾਤਮਾ ਹਨ ਕੀ? ਕੁਝ ਵੀ ਸਮਝ ਨਹੀਂ। ਜਿੰਨ੍ਹਾਂਨੇ ਭਗਤੀ ਜ਼ਿਆਦਾ ਨਹੀਂ ਕੀਤੀ ਹੈ, ਉਹ ਠਹਿਰਦੇ ਨਹੀਂ ਹਨ। ਸੈਂਟਰ ਵਿੱਚ ਵੀ ਕੋਈ ਕਿੰਨਾ ਸਮਾਂ, ਕੋਈ ਕਿੰਨਾ ਸਮਾਂ ਠਹਿਰਦੇ ਹਨ। ਇਸ ਨਾਲ ਸਮਝਣਾ ਚਾਹੀਦਾ ਹੈ ਕਿ ਭਗਤੀ ਘੱਟ ਕੀਤੀ ਹੈ ਇਸ ਲਈ ਠਹਿਰਦੇ ਨਹੀਂ ਹਨ। ਫੇਰ ਵੀ ਜਾਣਗੇ ਕਿੱਥੇ। ਦੂਸਰੀ ਕੋਈ ਹੱਟੀ ਤਾਂ ਹੈ ਨਹੀਂ। ਅਜਿਹੀ ਕਿਹੜੀ ਤਰਕੀਬ ਰਚੀਏ ਜੋ ਮਨੁੱਖ ਸਮਝ ਜਾਣ। ਹਾਲੇ ਤਾਂ ਸਭ ਨੂੰ ਸੁਨੇਹਾ ਦੇਣਾ ਹੈ। ਇਹ ਕਹਿਣਾ ਹੈ ਕਿ ਬਾਪ ਨੂੰ ਯਾਦ ਕਰੋ। ਤੁਸੀਂ ਹੀ ਪੂਰਾ ਯਾਦ ਨਹੀਂ ਕਰ ਸਕਦੇ ਹੋ ਤਾਂ ਤੁਹਾਡਾ ਤੀਰ ਕਿਵੇਂ ਲਗੇਗਾ। ਇਸ ਲਈ ਬਾਬਾ ਕਹਿੰਦੇ ਹਨ ਚਾਰਟ ਰੱਖੋ। ਮੁੱਖ ਗੱਲ ਹੈ ਹੀ ਪਾਵਨ ਬਣਨ ਦੀ। ਜਿਨ੍ਹਾਂ ਪਾਵਨ ਬਣੋਗੇ ਉਨ੍ਹਾਂ ਨਾਲੇਜ਼ ਧਾਰਨ ਹੋਵੇਗੀ। ਖੁਸ਼ੀ ਵੀ ਹੋਵੇਗੀ। ਬੱਚਿਆਂ ਨੂੰ ਤੇ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ - ਅਸੀਂ ਸਭ ਦਾ ਉਧਾਰ ਕਰੀਏ। ਬਾਪ ਹੀ ਆਕੇ ਸਦਗਤੀ ਕਰਦੇ ਹਨ। ਬਾਪ ਨੂੰ ਤਾਂ ਗਮ ਅਤੇ ਖੁਸ਼ੀ ਦੀ ਗੱਲ ਹੀ ਨਹੀਂ। ਇਹ ਡਰਾਮਾ ਬਣਿਆ ਹੋਇਆ ਹੈ। ਤੁਹਾਨੂੰ ਤਾਂ ਕੋਈ ਗਮ ਨਹੀਂ ਹੋਣਾ ਚਾਹੀਦਾ। ਬਾਪ ਮਿਲਿਆ ਹੈ ਹੋਰ ਕੀ, ਸਿਰ੍ਫ ਬਾਪ ਦੀ ਮਤ ਤੇ ਚੱਲਣਾ ਹੈ। ਇਹ ਸਮਝਾਉਣੀ ਵੀ ਹੁਣ ਮਿਲਦੀ ਹੈ, ਸਤਿਯੁਗ ਵਿੱਚ ਨਹੀਂ ਮਿਲੇਗੀ। ਉੱਥੇ ਤਾਂ ਗਿਆਨ ਦੀ ਗੱਲ ਹੀ ਨਹੀਂ। ਇੱਥੇ ਤੁਹਾਨੂੰ ਬੇਹੱਦ ਦਾ ਬਾਪ ਮਿਲਿਆ ਹੈ। ਤਾਂ ਤੁਹਾਨੂੰ ਸ੍ਵਰਗ ਤੋਂ ਵੀ ਜ਼ਿਆਦਾ ਖੁਸ਼ੀ ਹੋਣੀ ਚਾਹੀਦੀ ਹੈ।

ਬਾਪ ਕਹਿੰਦੇ ਹਨ ਵਲਾਇਤ ਵਿੱਚ ਜਾਕੇ ਤੁਸੀਂ ਇਹ ਸਮਝਾਉਣਾ ਹੈ। ਸਾਰੇ ਧਰਮ ਵਾਲਿਆਂ ਤੇ ਤੁਹਾਨੂੰ ਤਰਸ ਆਉਂਦਾ ਹੈ। ਸਾਰੇ ਕਹਿੰਦੇ ਹਨ - ਹੇ ਭਗਵਾਨ ਰਹਿਮ ਕਰੋ, ਬਲਿਸ ਕਰੋ, ਦੁੱਖਾਂ ਤੋਂ ਲਿਬਰੇਟ ਕਰੋ। ਪਰੰਤੂ ਸਮਝਦੇ ਕੁਝ ਵੀ ਨਹੀਂ। ਬਾਪ ਕਈ ਤਰ੍ਹਾਂ ਦੀਆਂ ਤਰਕੀਬਾਂ ਦੱਸਦੇ ਹਨ। ਸਾਰਿਆਂ ਨੂੰ ਇਹ ਦੱਸਣਾ ਹੈ ਕਿ ਤੁਸੀਂ ਰਾਵਣ ਦੀ ਜੇਲ੍ਹ ਵਿੱਚ ਪਏ ਹੋ। ਕਹਿੰਦੇ ਹਨ ਆਜ਼ਾਦੀ ਮਿਲੇ, ਪਰੰਤੂ ਅਸਲ ਵਿੱਚ ਆਜ਼ਾਦੀ ਕਿਸ ਨੂੰ ਕਿਹਾ ਜਾਂਦਾ ਹੈ, ਇਹ ਕੋਈ ਜਾਣਦੇ ਨਹੀਂ ਹਨ। ਰਾਵਣ ਦੀ ਜੇਲ੍ਹ ਵਿੱਚ ਤੇ ਸਭ ਫਸੇ ਹੋਏ ਹਨ। ਹੁਣ ਸੱਚੀ ਆਜ਼ਾਦੀ ਦੇਣ ਦੇ ਲਈ ਬਾਪ ਆਏ ਹਨ। ਫੇਰ ਵੀ ਰਾਵਣ ਦੀ ਜੇਲ੍ਹ ਵਿੱਚ ਪਰਤੰਤਰ ਹੋਕੇ ਪਾਪ ਕਰਦੇ ਰਹਿੰਦੇ ਹਨ। ਸੱਚੀ ਸੁਤੰਤਰਤਾ ਕਿਹੜੀ ਹੈ? ਇਹ ਮਨੁੱਖਾਂ ਨੂੰ ਦੱਸਣਾ ਹੈ। ਤੁਸੀਂ ਅਖ਼ਬਾਰ ਵਿੱਚ ਪਾ ਸਕਦੇ ਹੋ - ਇੱਥੇ ਰਾਵਣ ਦੇ ਰਾਜ ਵਿੱਚ ਸੁਤੰਤਰਤਾ ਥੋੜ੍ਹੀ ਨਾ ਹੈ। ਬਹੁਤ ਸ਼ਾਰਟ ਵਿੱਚ ਲਿਖਣਾ ਚਾਹੀਦਾ ਹੈ। ਜ਼ਿਆਦਾ ਤੀਕ - ਤੀਕ (ਲੰਬਾ ਚੌੜਾ) ਕੋਈ ਸਮਝ ਨਾ ਸਕੇ। ਬੋਲੋ ਤੁਹਾਨੂੰ ਸੁਤੰਤਰਤਾ ਹੈ ਕਿੱਥੇ, ਤੁਸੀਂ ਤੇ ਰਾਵਣ ਦੀ ਜੇਲ੍ਹ ਵਿੱਚ ਪਏ ਹੋ। ਤੁਹਾਡਾ ਵਿਲਾਇਤ ਵਿੱਚ ਆਵਾਜ਼ ਹੋਵੇਗਾ ਤਾਂ ਫੇਰ ਇੱਥੇ ਝਟ ਸਮਝ ਜਾਣਗੇ। ਇੱਕ - ਦੋ ਨੂੰ ਘੇਰਦੇ ਰਹਿੰਦੇ ਹਨ। ਤਾਂ ਸੁਤੰਤਰਤਾ ਹੋਈ ਕੀ? ਆਜ਼ਾਦੀ ਤਾਂ ਤੁਹਾਨੂੰ ਬਾਪ ਦੇ ਰਹੇ ਹਨ। ਰਾਵਣ ਦੀ ਜੇਲ੍ਹ ਤੋਂ ਸੁਤੰਤਰ ਕਰ ਰਹੇ ਹਨ। ਤੁਸੀਂ ਜਾਣਦੇ ਹੋ ਉੱਥੇ ਅਸੀਂ ਬੜੇ ਆਜ਼ਾਦ, ਬੜੇ ਧਨਵਾਨ ਹੁੰਦੇ ਹਾਂ। ਕਿਸੇ ਦੀ ਨਜ਼ਰ ਵੀ ਨਹੀਂ ਪੈਂਦੀ। ਪਿੱਛੋਂ ਜਦੋਂ ਕਮਜ਼ੋਰ ਬਣੇ ਤਾਂ ਸਭ ਦੀ ਨਜ਼ਰ ਪਈ ਤੁਹਾਡੇ ਧਨ ਤੇ। ਮੁਹੰਮਦ ਗਜ਼ਨਵੀ ਨੇ ਆਕੇ ਮੰਦਿਰ ਨੂੰ ਲੁੱਟਿਆ ਤਾਂ ਤੁਹਾਡੀ ਆਜ਼ਾਦੀ ਪੂਰੀ ਹੋ ਗਈ। ਰਾਵਣ ਦੇ ਰਾਜ ਵਿੱਚ ਗੁਲਾਮ ਬਣ ਗਏ। ਹੁਣ ਤੁਸੀਂ ਪੁਰਸ਼ੋਤਮ ਸੰਗਮਯੁੱਗ ਤੇ ਹੋ। ਹੁਣ ਸੱਚੀ ਆਜ਼ਾਦੀ ਨੂੰ ਪਾ ਰਹੇ ਹੋ। ਉਹ ਤਾਂ ਅਜਾਦੀ ਨੂੰ ਸਮਝਦੇ ਹੀ ਨਹੀਂ। ਤਾਂ ਇਹ ਗੱਲ ਵੀ ਤਰਕੀਬ ਨਾਲ ਸਮਝਾਉਣੀ ਹੈ। ਜਿਨ੍ਹਾਂ ਨੇ ਕਲਪ ਪਹਿਲੋਂ ਆਜ਼ਾਦੀ ਪਾਈ ਹੈ, ਉਹ ਹੀ ਮੰਨਣਗੇ। ਤੁਸੀਂ ਸਮਝਾਉਂਦੇ ਹੋ ਤਾਂ ਕਿੰਨਾ ਬਹਿਸ ਕਰਦੇ ਹਨ, ਜਿਵੇਂ ਬੁੱਧੂ ਸਮਾਂ ਬਰਬਾਦ ਕਰਦੇ ਹਨ ਤਾਂ ਦਿਲ ਨਹੀਂ

ਹੁੰਦੀ ਹੈ ਗੱਲ ਕਰਨ ਦੀ।

ਬਾਪ ਆਕੇ ਆਜ਼ਾਦੀ ਦਿੰਦੇ ਹਨ। ਰਾਵਣ ਦੀ ਗੁਲਾਮੀ ਵਿੱਚ ਦੁੱਖ ਵਧੇਰੇ ਹਨ। ਅਪਰੰਮਪਾਰ ਦੁੱਖ ਹਨ। ਬਾਪ ਦੇ ਰਾਜ ਵਿੱਚ ਅਸੀਂ ਕਿੰਨਾ ਆਜ਼ਾਦ ਹੁੰਦੇ ਹਾਂ। ਆਜ਼ਾਦੀ ਉਸ ਨੂੰ ਕਿਹਾ ਜਾਂਦਾ ਹੈ- ਜਦੋਂ ਅਸੀਂ ਪਵਿੱਤਰ ਦੇਵਤਾ ਬਣਦੇ ਹਾਂ ਤਾਂ ਰਾਵਣ ਰਾਜ ਤੋਂ ਛੁੱਟ ਜਾਂਦੇ ਹਾਂ। ਸੱਚੀ ਅਜਾਦੀ ਬਾਪ ਹੀ ਆਕੇ ਦਿੰਦੇ ਹਨ। ਹਾਲੇ ਤੇ ਪਰਾਏ ਰਾਜ ਵਿੱਚ ਸਾਰੇ ਦੁੱਖੀ ਹਨ। ਅਜਾਦੀ ਮਿਲਣ ਦਾ ਇਹ ਪੁਰਸ਼ੋਤਮ ਸੰਗਮਯੁੱਗ ਹੈ। ਉਹ ਕਹਿੰਦੇ ਹਨ ਬਾਹਰਲੀ ਸਰਕਾਰ ਗਈ ਤਾਂ ਅਸੀਂ ਆਜ਼ਾਦ ਬਣੇ। ਹੁਣ ਤੁਸੀਂ ਜਾਣਦੇ ਹੋ ਜਦੋਂ ਤੱਕ ਪਾਵਨ ਨਹੀਂ ਬਣੇ ਹਾਂ ਉਦੋਂ ਤੱਕ ਆਜ਼ਾਦ ਨਹੀਂ ਕਹਾਂਗੇ। ਫੇਰ ਜਮਘਟਾਂ ਦੀਆਂ ਸਜ਼ਾਵਾਂ ਖਾਣੀਆਂ ਪੈਣਗੀਆਂ। ਪਦ ਵੀ ਭ੍ਰਿਸ਼ਟ ਹੋ ਜਾਵੇਗਾ। ਬਾਪ ਆਉਂਦੇ ਹਨ ਘਰ ਲੈ ਜਾਣ। ਉੱਥੇ ਸਭ ਆਜ਼ਾਦ ਹੁੰਦੇ ਹਨ। ਤੁਸੀਂ ਸਾਰੇ ਧਰਮ ਵਾਲਿਆਂ ਨੂੰ ਸਮਝਾ ਸਕਦੇ ਹੋ - ਤੁਸੀਂ ਆਤਮਾ ਹੋ, ਮੁਕਤੀਧਾਮ ਵਿੱਚ ਆਏ ਹੋ ਪਾਰਟ ਵਜਾਉਣ। ਸੁੱਖਧਾਮ ਤੋਂ ਫੇਰ ਦੁੱਖਧਾਮ ਵਿੱਚ ਤਮੋਪ੍ਰਧਾਨ ਦੁਨੀਆਂ ਵਿੱਚ ਆ ਗਏ ਹੋ। ਬਾਪ ਕਹਿੰਦੇ ਹਨ ਤੁਸੀਂ ਮੇਰੀ ਔਲਾਦ ਹੋ, ਰਾਵਣ ਦੀ ਥੋੜ੍ਹੀ ਨਾ ਹੋ। ਮੈਂ ਤੁਹਾਨੂੰ ਰਾਜਭਾਗ ਦੇ ਕੇ ਗਿਆ ਸੀ। ਤੁਸੀਂ ਆਪਣੇ ਰਾਜ ਵਿੱਚ ਕਿੰਨੇ ਆਜ਼ਾਦ ਸੀ। ਹੁਣ ਫੇਰ ਉੱਥੇ ਜਾਣ ਲਈ ਪਾਵਨ ਬਣਨਾ ਹੈ। ਤੁਸੀਂ ਕਿੰਨੇ ਧਨਵਾਨ ਬਣਦੇ ਹੋ। ਉੱਥੇ ਤਾਂ ਪੈਸੇ ਦੀ ਚਿੰਤਾ ਹੀ ਨਹੀਂ ਹੁੰਦੀ ਹੈ। ਭਾਵੇਂ ਗਰੀਬ ਹੋਣ ਫੇਰ ਵੀ ਪੈਸੇ ਦੀ ਚਿੰਤਾ ਨਹੀਂ। ਸੁੱਖੀ ਰਹਿੰਦੇ ਹਨ। ਚਿੰਤਾ ਇੱਥੇ ਹੁੰਦੀ ਹੈ। ਬਾਕੀ ਰਾਜਧਾਨੀ ਵਿੱਚ ਨੰਬਰਵਾਰ ਪਦ ਹੁੰਦੇ ਹਨ। ਸੂਰਜਵੰਸ਼ੀ ਰਾਜਿਆਂ ਵਾਂਗੂੰ ਸਾਰੇ ਥੋੜ੍ਹੀ ਬਣਨਗੇ। ਜਿੰਨੀ ਮਿਹਨਤ ਉਤਨਾ ਪਦ। ਤੁਸੀਂ ਸਭ ਧਰਮਾਂ ਵਾਲਿਆਂ ਦੀ ਸਰਵਿਸ ਕਰਨ ਵਾਲੇ ਹੋ। ਵਿਲਾਇਤ ਵਾਲਿਆਂ ਨੂੰ ਵੀ ਸਮਝਾਉਣਾ ਹੈ - ਤੁਸੀਂ ਸਾਰੇ ਭਰਾ - ਭਰਾ ਹੋ ਨਾ। ਸਭ ਸ਼ਾਂਤੀਧਾਮ ਵਿੱਚ ਰਹਿੰਦੇ ਹਨ। ਹੁਣ ਰਾਵਣ ਰਾਜ ਵਿੱਚ ਹੋ। ਹੁਣ ਘਰ ਜਾਣ ਦਾ ਰਸਤਾ ਤੁਹਾਨੂੰ ਦੱਸਦੇ ਹਾਂ, ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ। ਕਹਿੰਦੇ ਵੀ ਹਨ ਭਗਵਾਨ ਸਭਨੂੰ ਲਿਬਰੇਟ ਕਰਦੇ ਹਨ। ਪ੍ਰੰਤੂ ਇਹ ਨਹੀਂ ਸਮਝਦੇ ਕਿ ਕਿਵੇਂ ਲਿਬਰੇਟ ਕਰਦੇ ਹਨ। ਬੱਚੇ ਕਿਤੇ ਮੁੰਝ ਪੈਂਦੇ ਹਨ ਤਾਂ ਕਹਿਣਗੇ ਬਾਬਾ ਸਾਨੂੰ ਲਿਬਰੇਟ ਕਰ ਆਪਣੇ ਘਰ ਲੈ ਚੱਲੋ। ਜਿਵੇਂ ਤੁਸੀਂ ਲੋਕ ਫ਼ਾਗੀ ( ਧੁੰਧ) ਵਿੱਚ ਜੰਗਲ ਵਿਚ ਮੁੰਝ ਗਏ ਸੀ। ਰਸਤੇ ਦਾ ਪਤਾ ਨਹੀਂ ਲਗਦਾ ਸੀ। ਫੇਰ ਲਿਬਰੇਟਰ ਮਿਲਿਆ ਰਸਤਾ ਦੱਸਿਆ। ਬੇਹੱਦ ਦੇ ਬਾਪ ਨੂੰ ਵੀ ਕਹਿੰਦੇ ਹਨ - ਬਾਬਾ, ਸਾਨੂੰ ਲਿਬਰੇਟ ਕਰੋ। ਤੁਸੀਂ ਚੱਲੋ, ਅਸੀਂ ਵੀ ਤੁਹਾਡੇ ਪਿੱਛੇ ਚੱਲਾਂਗੇ। ਸਿਵਾਏ ਬਾਪ ਦੇ ਹੋਰ ਕੋਈ ਰਸਤਾ ਨਹੀਂ ਦੱਸਦੇ ਹਨ। ਕਿੰਨੇ ਸ਼ਾਸਤਰ ਪੜ੍ਹਦੇ ਸਨ, ਤੀਰਥਾਂ ਤੇ ਧੱਕੇ ਖਾਂਦੇ ਸਨ ਪਰੰਤੂ ਭਗਵਾਨ ਨੂੰ ਨਹੀਂ ਜਾਣਦੇ ਤਾਂ ਲੱਭਣਗੇ ਫੇਰ ਕਿਥੋਂ। ਸਰਵਵਿਆਪੀ ਹੈ ਫੇਰ ਮਿਲਣਗੇ ਕਿਵੇਂ। ਕਿੰਨਾ ਅਗਿਆਨ ਹਨ੍ਹੇਰੇ ਵਿੱਚ ਹਨ। ਸਭ ਦਾ ਸਦਗਤੀ ਦਾਤਾ ਇੱਕ ਬਾਪ ਹੈ, ਉਹ ਹੀ ਆਕੇ ਤੁਹਾਨੂੰ ਬੱਚਿਆਂ ਨੂੰ ਅਗਿਆਨ ਹਨ੍ਹੇਰੇ ਵਿਚੋਂ ਕੱਢਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇੱਕ ਬਾਪ ਮਿਲਿਆ ਹੈ ਇਸ ਲਈ ਕਿਸੇ ਵੀ ਗੱਲ ਦੀ ਗਮ( ਚਿੰਤਾ) ਨਹੀਂ ਕਰਨੀ ਹੈ। ਉਨ੍ਹਾਂ ਦੀ ਮਤ ਤੇ ਚੱਲ ਕੇ, ਬੇਹੱਦ ਦਾ ਸਮਝਦਾਰ ਬਣ ਖੁਸ਼ੀ - ਖੁਸ਼ੀ ਸਭਦਾ ਉਧਾਰ(ਕਲਿਆਣ) ਕਰਨ ਦੇ ਨਿਮਿਤ ਬਣਨਾ ਹੈ।

2. ਜਮਘਟਾਂ ਦੀਆਂ ਸਜਾਵਾਂ ਤੋਂ ਬਚਣ ਅਤੇ ਸੱਚੀ ਆਜ਼ਾਦੀ ਪਾਉਣ ਲਈ ਪਾਵਨ ਜ਼ਰੂਰ ਬਣਨਾ ਹੈ। ਨਾਲੇਜ ਸੋਰਸ ਆਫ ਇਨਕਮ ਹੈ, ਇਸ ਨੂੰ ਧਾਰਨ ਕਰ ਧਨਵਾਨ ਬਣਨਾ ਹੈ।

ਵਰਦਾਨ:- ਨਾਲੇਜ਼ ਦੀ ਲਾਇਟ ਮਾਇਟ ਨਾਲ ਰਾਂਗ ਨੂੰ ਰਾਈਟ ਵਿੱਚ ਪਰਿਵਰਤਨ ਕਰਨ ਵਾਲੇ ਗਿਆਨੀ ਤੂੰ ਆਤਮਾ ਭਵ
ਕਿਹਾ ਜਾਂਦਾ ਹੈ ਨਾਲੇਜ ਇਜ ਲਾਇਟ, ਮਾਇਟ। ਜਿੱਥੇ ਲਾਇਟ ਮਤਲਬ ਰੋਸ਼ਨੀ ਹੈ ਕਿ ਇਹ ਰਾਂਗ ਹੈ, ਇਹ ਰਾਈਟ ਹੈ, ਇਹ ਹਨ੍ਹੇਰਾ ਹੈ, ਇਹ ਪ੍ਰਕਾਸ਼ ਹੈ, ਇਹ ਵਿਅਰਥ ਹੈ, ਇਹ ਸਮਰਥ ਹੈ - ਤਾਂ ਰਾਂਗ ਸਮਝਣ ਵਾਲੇ ਰਾਂਗ ਕਰਮਾਂ ਅਤੇ ਸੰਕਲਪਾਂ ਦੇ ਵਸ਼ੀਭੂਤ ਹੋ ਨਹੀਂ ਸਕਦੇ। ਗਿਆਨੀ ਤੂੰ ਆਤਮਾ ਮਤਲਬ ਸਮਝਦਾਰ, ਗਿਆਨ ਸਵਰੂਪ, ਕਦੀ ਇਹ ਨਹੀਂ ਕਹਿ ਸਕਦੇ ਕਿ ਇਵੇਂ ਹੋਣਾ ਤਾਂ ਚਾਹੀਦਾ ਹੈ ... ਪਰ ਉਹਨਾਂ ਦੇ ਕੋਲ ਰਾਂਗ ਨੂੰ ਰਾਈਟ ਵਿੱਚ ਪਰਿਵਰਤਨ ਕਰਨ ਦੀ ਸ਼ਕਤੀ ਹੁੰਦੀ ਹੈ।

ਸਲੋਗਨ:- ਜੋ ਸਦਾ ਸ਼ੁਭ - ਚਿੰਤਕ ਅਤੇ ਸ਼ੁਭ - ਚਿੰਤਨ ਵਿੱਚ ਰਹਿੰਦੇ ਹਨ ਉਹ ਵਿਅਰਥ ਚਿੰਤਨ ਤੋਂ ਛੁੱਟ ਜਾਂਦੇ ਹਨ।

******